National Research Journal of Social Sciences
Volume-11, Issue-1, January-June 2026
PP: 321-323

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ : ਜਨਮ, ਰਚਨਾਵਾਂ ਅਤੇ ਸ਼ਹਾਦਤ

**ਕੁਲਵਿੰਦਰ ਕੌਰ**

ਸਹਾਇਕ ਪ੍ਰੋਫੈਸਰ

ਪੰਜਾਬੀ ਵਿਭਾਗ, ਸਰਕਾਰੀ ਕਾਲਜ ਟਾਂਡਾ ਉੜਮੁੜ (ਹੁਸ਼ਿਆਰਪੁਰ)

**ਸਾਰ**

ਸ੍ਰੀ ਗੁਰੂ ਤੇਗ ਬਹਾਦਰ ਜੀ ਨਿਰਭਉ ਅਤੇ ਨਿਰਵੈਰ ਦਾ ਸਾਕਾਰ ਰੂਪ ਸਨ। ਇਹਨਾਂ ਦੇ ਅੰਤਰਗਤ ਇਹਨਾਂ ਦੇ ਵਿਅਕਤੀਤਵ ਦੇ ਸਾਰੇ ਗੁਣ ਆ ਜਾਂਦੇ ਹਨ। ਇਹਨਾਂ ਦੀ ਸ਼ਖਸ਼ੀਅਤ ਸੂਰਜ ਵਰਗੀ ਰੌਸ਼ਨ, ਗੁਲਾਬ ਵਰਗੀ ਸੁਗੰਧਿਤ ਰਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਧਾਰਮਿਕ ਆਗੂ ਸਨ, ਇੱਕ ਅਧਿਆਤਮ ਨੇਤਾ। ਉਹਨਾਂ ਦਾ ਜਨਮ ਅਤੇ ਜੀਵਨ ਦੁਨੀਆ ਦਾ ਭਲਾ ਕਰਨ ਅਤੇ ਦੁਨੀਆ ਦਾ ਉਦਾਰ ਕਰਨ ਲਈ ਹੋਇਆ। ਉਹਨਾਂ ਨੇ ਦੁਨੀਆਵੀ ਜੀਵਨ ਅਤੇ ਰੂਹਾਨੀ ਦੋਵਾਂ ਤਰ੍ਹਾਂ ਦਾ ਜੀਵਨ ਜੀਵਿਆ।ਸਮੁੱਚੀ ਮਾਨਵਤਾ ਨੂੰ ਨੈਤਿਕਤਾ ਅਤੇ ਧਾਰਮਿਕ ਸਿੱਖਿਆ ਪ੍ਰਦਾਨ ਕੀਤੀ।ਆਪ ਜੀ ਨੂੰ ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' ਨਾਂ ਨਾਲ ਜਾਣਿਆ ਜਾਂਦਾ ਹੈ । ਬਚਪਨ ਤੋਂ ਹੀ ਸੰਤ ਸੁਭਾਅ ਦੇ ਅਡੋਲ, ਗੰਭੀਰ, ਨਿਰਭੈ, ਵਿਦਵਾਨ, ਸੂਰਬੀਰ, ਧਰਮ ਅਤੇ ਰਾਜਨੀਤੀ ਵਿੱਚ ਨਿਪੁੰਨ ਸਨ। ਆਪ ਜੀ ਕਰਮ ਕਰਨ ਵਿੱਚ ਵਿਸ਼ਵਾਸ਼ ਰੱਖਦੇ ਸਨ। ਨਾ ਕਿਸੇ ਦਾ ਜ਼ੁਲਮ ਸਹਿਣ ਕਰਦੇ ਸੀ ਅਤੇ ਨਾ ਹੀ ਕਿਸੇ ਨੂੰ ਸਹਿਣ ਦਿੰਦੇ ਸੀ।ਤੇਗ ਬਹਾਦਰ ਜੀ ਕਲਮ ਦੇ ਧਨੀ ਹੋਣ ਦੇ ਨਾਲ ਦੇਗ,ਤੇਗ ਅਤੇ ਕਰਨੀ ਦੇ ਵੀ ਧਨੀ ਸਨ। ਆਪ ਨੂੰ ਤਿਆਗੀ ਮਹਾਂਪੁਰਸ਼, ਮੀਰ ਵੀ ਤੇ ਪੀਰ ਵੀ, ਧਰਮ ਦੇ ਰੱਖਿਅਕ ਦੇ ਨਾਲ ਆਰਥਿਕ ਸੰਕਟ ਹਰਤਾ ਵੀ ਕਿਹਾ ਗਿਆ ਹੈ । ਆਪ ਜੀ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ।

**ਕੂੰਜੀਵਤ ਸ਼ਬਦ:-** ਨਿਰਭਉ ਅਤੇ ਨਿਰਵੈਰ ਦਾ ਸਾਕਾਰ ਰੂਪ , 'ਹਿੰਦ ਦੀ ਚਾਦਰ' ,ਮਹਾਨ ਧਾਰਮਿਕ ਆਗੂ ,ਤਿਆਗੀ ਮਹਾਂਪੁਰਸ਼ , ਕਲਮ ਦੇ ਧਨੀ ,ਬਾਣੀ 15 ਰਾਗਾਂ ਵਿੱਚ ,ਧਰਮ ਦੇ ਰੱਖਿਅਕ

ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈ ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ । ਆਪ ਜੀ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ ਅਤੇ ਆਪ ਜੀ ਗੁਰੂ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਦੇ ਪਰਿਵਾਰ ਵਿੱਚ ਆਪ ਦੇ ਭਰਾ ਬਾਬਾ ਗੁਰਦਿਤਾ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟਲ ਜੀ, ਸ੍ਰੀ ਸੂਰਜ ਮੱਲ ਅਤੇ ਇੱਕ ਭੈਣ ਬੀਬੀ ਵੀਰੋ ਜੀ ਸਨ। ਬਚਪਨ ਤੋਂ ਹੀ ਸੰਤ ਸੁਭਾਅ ਦੇ ਅਡੋਲ, ਗੰਭੀਰ, ਨਿਰਭੈ, ਵਿਦਵਾਨ, ਸੂਰਬੀਰ, ਧਰਮ ਅਤੇ ਰਾਜਨੀਤੀ ਵਿੱਚ ਨਿਪੁੰਨ ਸਨ। ਆਪ ਜੀ ਕਰਮ ਕਰਨ ਵਿੱਚ ਵਿਸ਼ਵਾਸ਼ ਰੱਖਦੇ ਸਨ। ਨਾ ਕਿਸੇ ਦਾ ਜ਼ੁਲਮ ਸਹਿਣ ਕਰਦੇ ਸੀ ਅਤੇ ਨਾ ਹੀ ਕਿਸੇ ਨੂੰ ਸਹਿਣ ਦਿੰਦੇ ਸੀ। ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ॥, ਸਭ ਦੀ ਭਲਾਈ ਲਈ ਕਰਮਯੋਗੀ ਵਜੋਂ ਕੰਮ ਕਰਦੇ ਸਨ। ਆਪ ਜੀ ਦਾ ਵਿਆਹ 1634 ਇਸ ਨੂੰ ਮਾਤਾ ਗੁਜਰੀ ਜੀ ਨਾਲ ਹੋਇਆ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਪਿੰਡ ਬਕਾਲਾ ਵਿਖੇ ਆ ਗਏ। ਗੁਰੂ ਗੱਦੀ ਮੌਕੇ ਪਿਤਾ ਜੀ ਦੀ ਸ਼ਹਾਦਤ ਤੋਂ ਬਾਅਦ ਬਾਬਾ ਬਕਾਲੇ ਵੱਲ ਕੀਤਾ। ਇਹ ਇਸ਼ਾਰਾ ਆਪ ਜੀ ਨੂੰ ਮਿਲੀ ਗੱਦੀ ਦੀ ਗਵਾਹੀ ਸੀ ।'ਗੁਰੂ ਲਾਧੋ ਰੇ' ਵਰਗੇ ਬੋਲ ਮੱਖਣ ਸ਼ਾਹ ਲੁਬਾਣਾ ਵਲੋਂ ਕਰਨੇ ਆਪ ਜੀ ਦੀ ਗੁਰਤਾ ਗੱਦੀ ਵੱਲ ਇਸ਼ਾਰਾ ਕਰਦੇ ਹਨ। ਜਦੋਂ ਮੱਖਣ ਸ਼ਾਹ ਲੁਬਾਣਾ ਦਾ ਜਹਾਜ਼ ਸਮੁੰਦਰ ਵਿੱਚ ਘੁੰਮਣਘੇਰੀ ਪਾ ਰਿਹਾ ਸੀ ਤਾਂ ਆਪ ਜੀ ਦੀ ਕਿਰਪਾ ਨਾਲ ਪਾਰ ਲੱਗਿਆ ਅਤੇ ਉਸ ਨੇ ਜਹਾਜ਼ ਪਾਰ ਲੰਗਾਉਣ ਲਈ ਪ੍ਰਮਾਤਮਾ ਅੱਗੇ 500 ਮੋਹਰਾਂ ਸੁੱਖੀਆਂ ਕਿ ਮੇਰਾ ਬੇੜਾ ਪਾਰ ਹੋ ਗਿਆ ਤਾਂ ਚੜ੍ਹਾਵੇਗਾ। ਉਹ ਸੁੱਖਣਾ ਕੀਤੀਆਂ 500ਮੋਹਰਾਂ ਲੈ ਕੇ ਬਾਬਾ ਬਕਾਲੇ ਪੁੱਜਾ। ਇਸ ਮੌਕੇ ਜਦੋਂ ਮੱਖਣ ਸ਼ਾਹ ਲੁਬਾਣਾ 500ਮੋਹਰਾਂ ਸੁੱਖ ਕੇ ਕੇਵਲ 5 ਮੋਹਰਾਂ ਹੀ ਭੇਟਾਂ ਕਰਨ ਲੱਗਾ ਸੀ ਤਾਂ ਆਪ ਜੀ ਨੇ ਉਸ ਨੂੰ ਬਚਨ ਕੀਤੇ ਕਿ 500ਮੋਹਰਾਂ ਸੁੱਖ ਕੇ ਤੇ ਕੇਵਲ 5ਮੋਹਰਾਂ ਹੀ ਭੇਂਟ ਕਰ ਰਿਹਾ ਹੈਂ। ਇਹ ਸ਼ਬਦ ਸੁਣ ਕੇ ਮੱਖਣ ਸ਼ਾਹ ਲੁਬਾਣਾ ਹੈਰਾਨ ਹੋਇਆ ਅਤੇ ਉਸ ਨੇ ਉੱਚੀ ਉੱਚੀ ਰੌਲਾ ਪਾਇਆ ਕਿ 'ਗੁਰੂ ਲਾਧੋ ਰੇ।' ਇਸ ਤਰ੍ਹਾਂ ਆਪ ਜੀ ਦੇ ਦਰਸ਼ਨ ਲੋਕਾਂ ਨੂੰ ਹੋਏ। ਆਪ ਨੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਵੀ ਸਿਦਕ,ਬੀਰਤਾ ਅਤੇ ਪਵਿੱਤਰਤਾ ਵਾਲੇ ਜੀਵਨ ਨੂੰ ਜਿਊਣਾ ਸਿਖਾਇਆ। ਆਪ ਜੀ ਨੂੰ ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' ਨਾਂ ਨਾਲ ਜਾਣਿਆ ਜਾਂਦਾ ਹੈ। ਆਪ ਜੀ ਨੇ ਹਿੰਦੂ ਧਰਮ ਦੀ ਖ਼ਾਤਰ ਅਤੇ ਕਸ਼ਮੀਰੀ ਪੰਡਿਤਾਂ ਦੀ ਆਜ਼ਾਦੀ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ।

ਰਾਏ ਜਸਬੀਰ ਸਿੰਘ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨਿਰਭਉ ਅਤੇ ਨਿਰਵੈਰ ਦਾ ਸਾਕਾਰ ਰੂਪ ਸਨ। ਇਹਨਾਂ ਦੇ ਅੰਤਰਗਤ ਇਹਨਾਂ ਦੇ ਵਿਅਕਤੀਤਵ ਦੇ ਸਾਰੇ ਗੁਣ ਆ ਜਾਂਦੇ ਹਨ। ਇਹਨਾਂ ਦੀ ਸ਼ਖਸ਼ੀਅਤ ਸੂਰਜ ਵਰਗੀ ਰੌਸ਼ਨ, ਗੁਲਾਬ ਵਰਗੀ ਸੁਗੰਧਿਤ ਰਹੀ ਹੈ।[1]

ਆਪ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਜੋ ਸਿੱਖ ਧਰਮ ਦੇ ਇਤਿਹਾਸ ਦਾ ਮਹੱਤਵਪੂਰਨ ਕੇਂਦਰ ਬਣਿਆ। ਆਪ ਜੀ ਨੇ ਕਈ ਧਾਰਮਿਕ ਯਾਤਰਾਵਾਂ ਕੀਤੀਆਂ ਜਿਨ੍ਹਾਂ ਵਿੱਚ ਪਟਨਾ ਸਾਹਿਬ, ਅਸਾਮ ਅਤੇ ਬੰਗਾਲ ਸ਼ਾਮਿਲ ਹਨ। ਇਹਨਾਂ ਯਾਤਰਾਵਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪ ਜੀ ਨੇ ਬਿਲਾਸਪੁਰ ਦੇ ਰਾਜੇ ਕੋਲੋਂ ਜ਼ਮੀਨ ਖਰੀਦ ਕੇ 'ਚੱਕ ਨਾਨਕੀ' ਨਾਂ ਦਾ ਨਗਰ ਵਸਾਇਆ ਜੋ ਆਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਆਪ ਜੀ ਨੇ ਕਿਰਤ ਕਰਨ ਅਤੇ ਵੰਡ ਛੱਕਣ ਦੀ ਪ੍ਰੇਰਨਾ ਦਿੱਤੀ।


© Copyright @ Authors

National Research Journal of Social Sciences
Volume-11, Issue-1, January-June 2026
PP: 321-323
ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਰਾਏ ਜਸਬੀਰ ਸਿੰਘ ਅਨੁਸਾਰ :-" ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਧਾਰਮਿਕ ਆਗੂ ਸਨ, ਇੱਕ ਅਧਿਆਤਮ ਨੇਤਾ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਲਾ ਦੇ ਨੌਵੇਂ ਮੋਤੀ ਸਨ"।[2]

ਸਮੁੱਚੀ ਮਾਨਵਤਾ ਨੂੰ ਨੈਤਿਕਤਾ ਅਤੇ ਧਾਰਮਿਕ ਸਿੱਖਿਆ ਪ੍ਰਦਾਨ ਕੀਤੀ। ਆਪ ਜੀ ਨੇ ਔਰੰਗਜ਼ੇਬ ਦੀ ਜ਼ਬਰੀ ਧਰਮ ਪ੍ਰੀਵਰਤਨ ਦੀ ਨੀਤੀ ਦਾ ਵਿਰੋਧ ਕੀਤਾ। ਸੰਸਾਰ ਦੇ ਬਹੁਤ ਸਾਰੇ ਧਾਰਮਿਕ ਮਹਾਂਪੁਰਸ਼ਾਂ ਨੇ ਆਪਣੇ ਵਿਚਾਰ ਆਪਣੇ ਹੱਥੀਂ ਨਹੀਂ ਲਿਖੇ। ਪਰ ਸਿੱਖਾਂ ਦੇ ਦੱਸ ਗੁਰੂ ਸਾਹਿਬਾਨਾਂ ਵਿਚੋਂ ਸੱਤ ਗੁਰੂ ਸਾਹਿਬਾਨਾਂ ਨੇ ਆਪਣੇ ਵਿਚਾਰ ਆਪਣੀ ਬਾਣੀ ਵਿੱਚ ਪ੍ਰਗਟਾਏ ਹਨ।ਸਿੱਖਾਂ ਦੇ ਪਹਿਲੇ ਪੰਜ ਗੁਰੂ ਸਾਹਿਬਾਨਾਂ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਹੈ।

ਸੋਹਣ ਸਿੰਘ ਸੀਤਲ ਅਨੁਸਾਰ:-

"ਕਿਸੇ ਵੀ ਮਹਾਂਪੁਰਸ਼ ਦੇ ਅਸਲੀ ਵਿਚਾਰ ਉਹਨਾਂ ਦੀ ਅਪਣੀ ਰਚਨਾ ਵਿਚੋਂ ਹੀ ਮਿਲ ਸਕਦੇ ਹਨ"।[3]

ਲਾਸਾਨੀ ਸ਼ਹੀਦ ਗੁਰੂ ਤੇਗ ਬਹ ਧਰਮ ਪ੍ਰਚਾਰ ਕਰਦੇ ਹੋਏ ਆਗਰੇ ਪਹੁੰਚੇ ਤਾਂ ਆਪ ਜੀ ਨੂੰ ਪੰਜ ਸਿੱਖਾਂ ਸਮੇਤ ਗ੍ਰਿਫਤਾਰ ਕਰ ਲਿਆ ਤੇ ਦਿੱਲੀ ਵਿਚ ਮਸਜਿਦ ਦੇ ਨੇੜੇ ਇਕ ਢੱਠੀ ਹੋਈ ਇਮਾਰਤ ਵਿੱਚ ਕੈਦ ਰੱਖਿਆ ਗਿਆ। ਆਪ ਦੁਆਰਾ ਇਸਲਾਮ ਨਾ ਕਬੂਲਣ ਕਾਰਨ ਚਾਂਦਨੀ ਚੌਕ ਦਿੱਲੀ ਦੇ ਕੋਤਵਾਲੀ ਵਿਚ ਅਨੇਕਾਂ ਕਸ਼ਟ ਦਿੱਤੇ ਗਏ ਪਰ ਆਪ ਅਡੋਲ ਰਹੇ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜ ਦਿੱਤਾ ਗਿਆ। ਭਾਈ ਦਿਆਲੇ ਜੀ ਨੂੰ ਉਬਲਦੀ ਦੇਗ ਵਿਚ ਪਾ ਕੇ ਸ਼ਹੀਦ ਕੀਤਾ ਗਿਆ। ਆਪ ਜੀ ਵਲੋਂ ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਜ਼ਲਾਦ ਵਲੋਂ ਆਪ ਜੀ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਇਸ ਤਰ੍ਹਾਂ ਆਪ ਜੀ ਨੇ ਸੀਸ ਦਿੱਤਾ ਪਰ ਧਰਮ ਨਹੀਂ ਹਾਰਿਆ। ਆਪ ਜੀ ਨੂੰ 11ਨਵੰਬਰ,1675ਈ ਨੂੰ ਸ਼ਹੀਦ ਕੀਤਾ ਗਿਆ। ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸੁਸ਼ੋਭਿਤ ਹੈ। ਜਿਸ ਥਾਂ ਭਾਈ ਲੱਖੀ ਸ਼ਾਹ ਵਣਜਾਰੇ ਨੇ ਗੁਰੂ ਸਾਹਿਬ ਜੀ ਦੇ ਧੜ ਦਾ ਅੰਤਿਮ ਸੰਸਕਾਰ ਕੀਤਾ,ਉਸ ਦਾ ਨਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ। ਭਾਵੇਂ ਸ਼ਾਹੀ ਹੁਕਮ ਸੀ ਕਿ ਬਾਗੀ ਗੁਰੂ ਦਾ ਜੋ ਧੜ ਚੁੱਕੇਗਾ ਉਸ ਦਾ ਧੜ ਰੁਲੇਗਾ।ਪਰ ਸਤਿਗੁਰ ਦੀ ਕਿਰਪਾ ਨਾਲ ਭਾਈ ਜੈਤਾ ਨੇ ਚਾਂਦਨੀ ਚੌਕ ਵਿੱਚ ਸਫਾਈ ਜਾਂ ਝਾੜੂ ਦੇਣ ਦੇ ਬਹਾਨੇ ਸੀਸ ਚੁੱਕ ਲਿਆ ਕੱਪੜੇ ਵਿੱਚ ਲਪੇਟ ਕੇ ਘੋੜੇ ਉੱਤੇ ਸਵਾਰ ਹੋ ਕੇ ਆਨੰਦਪੁਰ ਸਾਹਿਬ ਵਲ ਤੁਰ ਪਿਆ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15ਰਾਗਾਂ ਵਿੱਚ ਸ਼ਾਮਲ ਹੈ। ਆਪ ਜੀ ਦੇ 59 ਸ਼ਬਦ ਅਤੇ 57 ਸ਼ਲੋਕ ਦਰਜ ਹਨ । ਆਪ ਜੀ ਦੀ ਬਾਣੀ ਵਿੱਚ ਪ੍ਰੇਰਨਾਦਾਇਕ ਸਿੱਖਿਆਵਾਂ ਸ਼ਾਮਲ ਹਨ ।

ਰਾਏ ਜਸਬੀਰ ਸਿੰਘ ਅਨੁਸਾਰ:-

"ਗੁਰੂ ਤੇਗ ਬਹਾਦਰ ਕਾਵਿ ਪ੍ਰਤਿਭਾ ਸਨ, ਮਹਾਨ ਕਾਵਿ ਪ੍ਰਤਿਭਾ। ਇਹ ਗੁਣ ਉਹਨਾਂ ਦੇ ਵਿਅਕਤੀਤਵ ਵਿੱਚ ਵਿਰਸੇ ਤੋਂ ਆਇਆ"।[4]

ਰੋਜ਼ਾਨਾ ਦੀ ਅਰਦਾਸ ਵਿੱਚ ਆਪ ਜੀ ਨੂੰ ਯਾਦ ਅਤੇ ਸਲਾਹਿਆ ਜਾਂਦਾ ਹੈ ਜਿਸ ਵਿੱਚ 'ਸ੍ਰੀ ਗੁਰੂ ਤੇਗ ਬਹਾਦਰ ਸਿਮਰੀਐ ਘਰ ਨੌ ਨਿਧ ਆਵੈ ਧਾਇ ਸਭ ਥਾਂਈ ਹੋਇ ਸਹਾਇ' ਸ਼ਾਮਿਲ ਹੈ। ਆਪ ਜੀ ਦਾ ਵਿਅਕਤੀਤਵ ਉੱਚਤਮ ਤਪਸਵੀ ਅਤੇ ਰਹੱਸਮਈ, ਆਤਮਿਕ ਸ਼ਕਤੀ ਸੰਪੰਨ, ਬਹਾਦਰ ਯੋਧਾ, ਤਲਵਾਰ ਦੇ ਧਨੀ, ਦਾਰਸ਼ਨਿਕ, ਕਰਮਯੋਗੀ, ਨਿਡਰ ਨਿਰਭੈ, ਲੋਕ ਹਿੱਤ ਦੀ ਗੱਲ ਕਰਨ ਵਾਲੇ, ਸਮਾਜ ਸੇਵੀ, ਧਾਰਮਿਕ ਖੁਲਦਿਲੀ ਦੇ ਪ੍ਰਤੀਕ, ਕ੍ਰਾਂਤੀਕਾਰੀ ਬਿਰਤੀ, ਦ੍ਰਿੜ ਨਿਸ਼ਚੇ ਵਾਲੇ,ਕਥਨੀ ਤੇ ਕਰਨੀ ਦੇ ਪੱਕੇ ਅਤੇ ਆਦਰਸ਼ਵਾਦੀ ਰਿਹਾ ਹੈ।

ਡਾ ਸੁਰਿੰਦਰ ਸਿੰਘ ਕੋਹਲੀ ਅਨੁਸਾਰ:-

"ਆਪ ਜੀ ਦੇ ਸ਼ਬਦ ਵੈਰਾਗ ਤੇ ਮਿੱਠਤ ਕਰ ਕੇ ਬਹੁਤ ਪ੍ਰਸਿੱਧ ਹਨ। ਆਪ ਜੀ ਦੀ ਬਾਣੀ ਬਹੁਤ ਵੈਰਾਗ ਭਰੀ ਹੈ"।[5]

*ਜੋ ਤਉ ਪ੍ਰੇਮ ਖੇਲਣ ਕਾ ਤਾਈਂ

ਸਿਰ ਧਰ ਤਲੀ ਗਲੀ ਮੇਰੀ ਆਉ

*ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲ ਪਛਾਣ

* ਸਾਧੋ ਮਨ ਕਾ ਮਾਨੁ ਤਿਆਗਉ ਕਾਮ ਕ੍ਰੋਧ ਸੰਗਤਿ ਦੁਰਜਨ ਦੀ ਤਾਂ ਤੇ ਅਹਿਨਿਸਿ ਭਾਗਉ

* ਸਾਧੋ ਰਚਨਾ ਰਾਮ ਬਨਾਈ

ਇਕੁ ਬਿਨਸੈ ਇਕੁ ਅਸਥਿਰੁ

ਮਾਨੈ ਅਚਰਜੁ ਲਖਿਓ ਨ ਜਾਈ

ਸਾਧੋ ਗੋਬਿੰਦ ਕੇ ਗੁਨ ਗਾਵਉ

ਮਾਨਸ ਜਨਮ ਅਮੋਲਕ ਪਾਇਓ

ਬਿਰਥਾ ਕਾਹਿ ਗਵਾਵਓ

ਜਗਤ ਮਹਿ ਝੂਠੀ ਦੇਖੀ ਪ੍ਰੀਤ


© Copyright @ Authors

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ

* ਜੋ ਨਰੁ ਦੁਖ ਮੈ ਦੁੱਖ ਨਹੀਂ ਮਾਨੈ।।

ਕਾਹੇ ਰੇ ਬਨ ਖੋਜਨ ਜਾਈ।।

ਭਾਈ ਮੈਂ ਧਨੁ ਪਾਇਓ ਹਰਿ ਨਾਮੁ।।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ ਦੀ ਫਿਲਾਸਫੀ,ਉਸ ਦੇ ਮਨੋਰਥ ਤੇ ਨਿੱਜੀ ਅਧਿਆਤਮਕ ਤਜਰਬਿਆਂ ਨੂੰ ਸਲੋਕਾਂ ਵਿੱਚ ਬਹੁਤ ਸਰਲ ਭਾਸ਼ਾ ਅਤੇ ਸ਼ਬਦਾਂ ਵਿਚ ਰਸਦਾਇਕ ਢੰਗ ਨਾਲ ਬਿਆਨ ਕੀਤਾ ਗਿਆ ਹੈ। ਗਿਆਨੀ ਪ੍ਰਤਾਪ ਸਿੰਘ ਅਨੁਸਾਰ :-

"ਸਤਿਗੁਰ ਦੀ ਬੜੀ ਤਪੱਸਿਆ,ਸਾਧਨ ਤੇ ਮਹਾਨ ਕਰਨੀ ਹੈ। ਅਨੁਭਵ,ਆਤਮ ਗਿਆਨ ਤੇ ਤਜ਼ਰਬਾ ਬਹੁਤ ਵਿਸ਼ਾਲ ਹੈ। ਜਿਸ ਦਾ ਪ੍ਰਤੀਬਿੰਬ ਬਾਣੀ ਤੇ ਸ਼ਲੋਕਾਂ ਚੋਂ ਪ੍ਰਗਟ ਹੁੰਦਾ ਹੈ"।[6]

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਜੀਵਨ ਜਿਉਣ ਦੇ ਅਸਲੀ ਉਦੇਸ਼ ਨੂੰ ਦਰਸਾਉਂਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਰਾਏ ਜਸਬੀਰ ਸਿੰਘ,ਪੰਨਾ ਨੰ 28(ਜੀਵਨ ਅਤੇ ਬਾਣੀ ਸੰਚਾਰ ਸ੍ਰੀ ਗੁਰੂ ਤੇਗ ਬਹਾਦਰ ਜੀ)
2. ਉਹੀ,ਪੰਨਾ ਨੰ-23
3. ਸੋਹਣ ਸਿੰਘ ਸੀਤਲ,ਪੰਨਾ ਨੰ 134, ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ
4. ਪੰਨਾ ਨੰ 29ਰਾਏ ਜਸਬੀਰ ਸਿੰਘ, (ਜੀਵਨ ਅਤੇ ਬਾਣੀ ਸੰਚਾਰ ਸ੍ਰੀ ਗੁਰੂ ਤੇਗ ਬਹਾਦਰ ਜੀ)
5. ਡਾ ਸੁਰਿੰਦਰ ਸਿੰਘ ਕੋਹਲੀ,ਪੰਨਾ ਨੰ-169 ਪੰਜਾਬੀ ਸਾਹਿਤ ਦਾ ਇਤਿਹਾਸ, ਲੁਧਿਆਣਾ, 1955,
6. ਗਿਆਨੀ ਪ੍ਰਤਾਪ ਸਿੰਘ,ਧਰਮ ਰੱਖਿਅਕ ਸ੍ਰੀ ਗੁਰੂ ਤੇਗ ਬਹਾਦਰ ਜੀ , ਪੰਨਾ ਨੰਬਰ 178 ) ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ,


© Copyright @ Authors